**ਸੈਂਪਲ ਪੇਪਰ**

**ਵਿਸ਼ਾ-ਰਾਜਨੀਤੀ ਸ਼ਾਸਤਰ**

**ਜਮਾਤ +2**

**Session 2018-19**

**ਕੁੱਲ ਅੰਕ:90** **ਸਮਾਂ:3 ਘੰਟੇ**

**(1) ਇਸ ਪ੍ਰਸ਼ਨ ਪੱਤਰ ਦੇ ਕੁੱਲ ਚਾਰ ਭਾਗ ਹਨ। ੳ,ਅ,ੲ,ਸ ਹੋਣਗੇ। ਇਹਨਾਂ ਵਿੱਚ ਪ੍ਰਸ਼ਨਾਂ ਦੀ ਗਿਣਤੀ 27 ਹੋਵੇਗੀ। ਵਿਦਿਆਰਥੀ ਨੇ 25 ਪ੍ਰਸ਼ਨ ਕਰਨੇ ਹਨ।**

**(2) ਭਾਗ (ੳ) ਵਿੱਚ ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ: ਇਸ ਭਾਗ ਵਿੱਚ ਪ੍ਰਸ਼ਨ 1 ਦੇ ਅੰਤਰਗਤ ਦਸ ਭਾਗ ਹਨ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। ਉੱਤਰ ਇੱਕ ਅੱਖਰ, ਇੱਕ ਥਾਂ ਜਾਂ ਠੀਕ/ਗਲਤ ਜਾਂ ਬਹੁ ਵਿਕਲਪੀ ਉੱਤਰ ਹੋ ਸਕਦਾ ਹੈ।**

**(3) ਭਾਗ(ਅ) ਵਿੱਚ ਛੋਟੇ ਉੱਤਰਾਂ ਵਾਲੇ ਪ੍ਰਸ਼ਨ: ਇਸ ਭਾਗ ਵਿੱਚ 12 ਪ੍ਰਸ਼ਨ ਹੋਣਗੇ(ਲੜੀ ਨੰ: 2 ਤੋਂ 13) ਹਰੇਕ ਪ੍ਰਸ਼ਨ 2 ਅੰਕਾਂ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 20-30 ਸ਼ਬਦਾਂ ਦਾ ਹੋ ਸਕਦਾ ਹੈ। ਸਾਰੇ ਪ੍ਰਸ਼ਨ ਜ਼ਰੂਰੀ ਹਨ।**

**(4) ਭਾਗ(ੲ) ਵਿੱਚ ਛੋਟੇ ਉੱਤਰਾਂ ਵਾਲੇ ਪ੍ਰਸ਼ਨ: ਇਸ ਭਾਗ ਵਿੱਚ 10 ਪ੍ਰਸ਼ਨ ਹੋਣਗੇ(ਲੜੀ ਨੰ: 14 ਤੋਂ 23) ਹਰੇਕ ਪ੍ਰਸ਼ਨ 4 ਅੰਕਾਂ ਦਾ ਹੋਵੇਗਾ। ਵਿਦਿਆਰਥੀ ਨੇ ਕੋਈ 8 ਪ੍ਰਸ਼ਨ ਕਰਨੇ ਹਨ। ਹਰੇਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਹੋ ਸਕਦਾ ਹੈ।**

**(5) ਭਾਗ (ਸ) ਲੰਮੇ ਉੱਤਰਾਂ ਵਾਲੇ ਪ੍ਰਸ਼ਨ: ਇਸ ਭਾਗ ਅਧੀਨ 4 ਪ੍ਰਸ਼ਨ (24 ਤੋਂ 27) ਅੰਦਰੂਨੀ ਵਿਕਲਪ ਦੇ ਹੋਣਗੇ। ਹਰੇਕ ਪ੍ਰਸ਼ਨ 6 ਅੰਕਾਂ ਦਾ ਹੈ। ਵਿਦਿਆਰਥੀ ਨੇ 150-200 ਸ਼ਬਦਾਂ ਵਿੱਚ ਉੱਤਰ ਦੇਣਾ ਹੈ।**

**ਭਾਗ-ੳ**

**1. ਨੋਟ: ਸਾਰੇ ਪ੍ਰਸ਼ਨ ਜ਼ਰੂਰੀ ਹਨ:-**

(ੳ) ਰਾਜਨੀਤਿਕ ਪ੍ਰਣਾਲੀ ਵਿੱਚ 'ਰਾਜਨੀਤਿਕ' ਸ਼ਬਦ ਦਾ ਕੀ ਅਰਥ ਹੈ? (1)

(ਅ) ਤੁਲਨਾਤਮਿਕ ਰਾਜਨੀਤੀ ਦਾ ਪਿਤਾਮਾ ਕਿਸਨੂੰ ਕਹਿੰਦੇ ਹਨ? (1)

(ੲ) ਭਾਰਤ ਦੇ ਕਿਸੇ ਇੱਕ ਰਾਸ਼ਟਰੀ ਦਲ ਦਾ ਨਾਂ ਅਤੇ ਉਸਦਾ ਚੋਣ ਨਿਸ਼ਾਨ ਦੱਸੋ? (1)

(ਸ) ਸ਼ਿਮਲਾ ਸਮਝੌਤਾ ਕਿਹੜੇ ਦੋ ਦੇਸ਼ਾਂ ਵਿੱਚਕਾਰ ਹੋਇਆ?

(ਹ) ਗਾਂਧੀ ਜੀ ਦੇ ਰਾਜਨੀਤਿਕ ਗੁਰੂ ________ ਸਨ। (1)

(ਕ) ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੀ ਸਥਾਪਨਾ ________ ਨੂੰ ਕੀਤੀ ਗਈ। (1)

ਬਹੁ ਵਿਕਲਪੀ ਪ੍ਰਸ਼ਨ

(ਖ) ਹੇਠ ਲਿਖਿਆਂ ਵਿੱਚੋਂ ਕਿਹੜੀ ਭਾਰਤੀ ਵਿਦੇਸ਼ ਨੀਤੀ ਦੀ ਵਿਸ਼ੇਸ਼ਤਾ ਨਹੀਂ। (1)

(ੳ) ਸੰਯੁਕਤ ਰਾਸ਼ਟਰ ਦੇ ਉਦੇਸ਼ ਵਿੱਚ ਵਿਸ਼ਵਾਸ਼

(ਅ) ਨਿਸ਼ਸ਼ਤਰੀਕਰਨ ਦਾ ਸਮਰਥਨ

(ੲ) ਰੰਗਭੇਦ ਦੀ ਨੀਤੀ ਦਾ ਸਮਰਥਨ

Scanned by CamScanner

(ਸ) ਗੁਟ ਨਿਰਲੇਪਤਾ

(ਗ) ਪੇਂਡੂ ਸਥਾਨਕ ਸਵੈ ਸ਼ਾਸ਼ਨ ਦੀਆਂ ਇਕਾਈਆਂ ਨੂੰ ਸੰਵਿਧਾਨਿਕ ਦਰਜਾ ਦੇਣ ਲਈ ਕਿੰਨਵੀਂ ਸੋਧ ਪਾਸ ਕੀਤੀ ਗਈ?

(ੳ) ੪ਵੀਂ (ਅ) 11ਵੀਂ (ੲ) 73ਵੀਂ (ਸ) ੪5ਵੀਂ

(ਘ) ਉਦਾਰਵਾਦ ਵਿਅਕਤੀਵਾਦ ਦਾ ਹੀ ਦੂਜਾ ਰੂਪ ਹੈ। (ਸਹੀ /ਗਲਤ) (1)

(ਙ) ਸੰਸਦੀ ਪ੍ਰਣਾਲੀ ਵਿੱਚ ਦੇਸ਼ ਦਾ ਮੁੱਖੀਆ ਅਸਲੀ ਕਾਰਜਪਾਲਿਕਾ ਹੁੰਦਾ ਹੈ। (ਸਹੀ /ਗਲਤ) (1)

**ਭਾਗ-ਅ (2 ਅੰਕਾਂ ਵਾਲੇ ਪ੍ਰਸ਼ਨ)**

**ਨੋਟ: ਸਾਰੇ ਪ੍ਰਸ਼ਨ ਜ਼ਰੂਰੀ ਹਨ।**

2. ਰਾਜਨੀਤਿਕ ਸੱਭਿਆਚਾਰ ਦੀ ਕੋਈ ਇੱਕ ਪਰਿਭਾਸ਼ਾ ਲਿਖੋ। (2)
3. ਭਾਰਤੀ ਸੰਸਦੀ ਪ੍ਰਣਾਲੀ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ। (2)
4. ਰਾਜਨੀਤਿਕ ਸਮਾਜੀਕਰਣ ਦੀ ਮਹੱਤਤਾ ਦੇ ਕੋਈ ਦੋ ਤੱਤ ਲਿਖੋ। (2)
5. ਲੋਕ ਮੱਤ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ। (2)
6. ਉਦਾਰਵਾਦ ਦੇ ਕੋਈ ਦੋ ਸਿਧਾਂਤ ਲਿਖੋ। (2)
7. ਗਾਂਧੀ ਜੀ ਦੁਆਰਾ ਅਪਣਾਏ ਗਏ ਸੱਤਿਆਗ੍ਰਹਿ ਦੇ ਕੋਈ ਦੋ ਸਿਧਾਂਤ ਲਿਖੋ। (2)
8. ਮਾਰਕਸਵਾਦ ਦੀ ਅਲੋਚਨਾ ਦੇ ਕੋਈ ਦੋ ਅਧਾਰ ਲਿਖੋ। (2)
9. ਨੌਕਰਸ਼ਾਹੀ ਦੀ ਸਿੱਧੀ ਭਰਤੀ ਦੇ ਦੋ ਗੁਣ ਲਿਖੋ। (2)
10. ਬਾਲਗ ਮੱਤ ਅਧਿਕਾਰ ਦੇ ਪੱਖ ਵਿੱਚ ਦੋ ਦਲੀਲਾਂ ਦਿਓ । (2)
11. ਪ੍ਰਤੱਖ ਚੋਣ ਢੰਗ ਦੇ ਕੋਈ ਦੋ ਗੁਣ ਲਿਖੋ। (2)
12. ਲੋਕਤੰਤਰ ਨੂੰ ਪ੍ਰਭਾਵਿਤ ਕਰਨ ਵਾਲੇ ਕੋਈ ਦੋ ਆਰਥਿਕ ਤੱਤ ਲਿਖੋ। (2)
13. ਗਰੀਬੀ ਦੇ ਭਾਰਤੀ ਲੋਕਤੰਤਰ ਤੇ ਕੋਈ ਦੋ ਪ੍ਰਭਾਵ ਲਿਖੋ। (2)

**ਭਾਗ -ੲ (4 ਅੰਕਾਂ ਵਾਲੇ ਪ੍ਰਸ਼ਨ)**

ਨੋਟ: ਕੋਈ ੪ ਪ੍ਰਸ਼ਨ ਕਰਨੇ ਹਨ।

14. ਰਾਜਨੀਤਿਕ ਦਲਾਂ ਦੇ ਕੋਈ ਚਾਰ ਕੰਮਾਂ ਦਾ ਸੰਖੇਪ ਵਰਨਣ ਕਰੋ। (4)
15. ਦਬਾਓ ਸਮੂਹਾਂ ਅਤੇ ਰਾਜਨੀਤਿਕ ਦਲਾਂ ਵਿਚ ਕੋਈ 4 ਅੰਤਰ ਲਿਖੋ। (4)
16. ਅੰਤਰ ਅਨੁਸ਼ਾਸ਼ਨੀ ਵਿਸ਼ਾ ਅਧਿਐਨ ਤੋਂ ਕੀ ਭਾਵ ਹੈ? (4)
17. ਭਾਰਤੀ ਸੰਸਦੀ ਪ੍ਰਣਾਲੀ ਵਿੱਚ ਕਾਰਜਪਾਲਿਕਾ ਦੀ ਸਮੂਹਿਕ ਜਿੰਮੇਵਾਰੀ ਤੋਂ ਕੀ ਭਾਵ ਹੈ? (4)
18. ਗਾਂਧੀ ਜੀ ਦੇ ਅਮਾਨਤਦਾਰੀ ਪ੍ਰਣਾਲੀ ਸਿਧਾਂਤ ਦੀ ਵਿਆਖਿਆ ਕਰੋ (4)
19. ਸੰਪਰਦਾਇਕਤਾ ਨੂੰ ਰੋਕਣ ਲਈ ਕੋਈ ਚਾਰ ਉਪਾਅ ਲਿਖੋ। (4)
20. ਗ੍ਰਾਮ ਪੰਚਾਇਤ ਦੇ ਕੋਈ ਚਾਰ ਕੰਮਾਂ ਦਾ ਸੰਖੇਪ ਵਰਨਣ ਕਰੋ। (4)

Scanned by CamScanner

21. ਛਾਉਣੀ ਬੋਰਡ ਤੇ ਨੋਟ ਲਿਖੋ। (4)

22. ਭਾਰਤੀ ਦਲ ਪ੍ਰਣਾਲੀ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ। (4)

23. ਬਹੁਜਨ ਸਮਾਜ ਪਾਰਟੀ ਦੀ ਸਥਾਪਨਾ ਕਿਸਨੇ ਕੀਤੀ? ਇਸ ਦਲ ਦੀਆਂ ਕੋਈ ਤਿੰਨ ਨੀਤੀਆਂ ਦਾ ਸੰਖੇਪ ਵਰਨਣ ਕਰੋ। (4)

**ਭਾਗ ਸ**

ਨੋਟ: ਸਾਰੇ ਪ੍ਰਸ਼ਨ ਜ਼ਰੂਰੀ ਹਨ।

24. ਵਿਦੇਸ਼ ਨੀਤੀ ਤੋਂ ਕੀ ਭਾਵ ਹੈ। ਭਾਰਤ ਦੀ ਵਿਦੇਸ਼ ਨੀਤੀ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।

ਜਾਂ

ਭਾਰਤੀ ਚੋਣ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ। (6)

25. ਰਾਸ਼ਟਰੀ ਏਕੀਕਰਨ ਦੀਆਂ ਵਿਧੀਆਂ ਦੇ ਨਾਂ ਲਿਖੋ। ਰਾਸ਼ਟਰੀ ਏਕੀਕਰਨ ਦੇ ਕੋਈ ਚਾਰ ਪੱਖਾਂ ਦਾ ਵਰਨਣ ਕਰੋ।

ਜਾਂ

ਭਾਰਤ ਦੁਆਰਾ ਸੰਯੁਕਤ ਰਾਸ਼ਟਰ ਵਿੱਚ ਨਿਭਾਈ ਗਈ ਭੂਮਿਕਾ ਦਾ ਵਰਨਣ ਕਰੋ। (6)

26. ਭਾਰਤ ਅਤੇ ਪਾਕਿਸਤਾਨ ਵਿੱਚਕਾਰ ਤਣਾਓਪੂਰਨ ਸਬੰਧਾਂ ਦੇ ਕਾਰਨਾਂ ਦਾ ਵਰਨਣ ਕਰੋ। (6)

ਜਾਂ

ਵਿਸ਼ਵੀਕਰਣ ਤੋਂ ਕੀ ਭਾਵ ਹੈ? ਭਾਰਤ ਦੁਆਰਾ ਅਪਣਾਈ ਗਈ ਵਿਸ਼ਵੀਕਰਨ ਦੀ ਨੀਤੀ ਦੇ ਦੋਸ਼ਾਂ ਦਾ ਵਰਨਣ ਕਰੋ।

27. ਭਾਰਤੀ ਲੋਕਤੰਤਰ ਉੱਤੇ ਹਿੰਸਾ ਅਤੇ ਵਸੋਂ ਦੇ ਵਿਸਫੋਟ ਦੇ ਪਏ ਪ੍ਰਭਾਵਾਂ ਦਾ ਵਰਨਣ ਕਰੋ। (6)

ਜਾਂ

ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੇ ਕੰਮਾਂ ਦਾ ਵਰਨਣ ਕਰੋ।

**(ਮੇਵਾ ਸਿੰਘ)**
**ਲੈਕਚਰਾਰ ਪੋਲ ਸਾਇੰਸ**
**ਸ.ਸ.ਸ.ਸ. ਨਾਡਾ (ਮੋਹਾਲੀ)**

Scanned by CamScanner